# U.S. Secretary of State Antony Blinken called on Prime Minister Narendra Modi

July 28, 2021

# ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ

28 ਜੁਲਾਈ, 2021

ਅਮਰੀਕਾ ਦੇ ਵਦਿੇਸ਼ ਮੰਤਰੀ, ਐਂਟਨੀ ਬਲੰਿਕਨ ਨੇ ਅੱਜ ਪ੍ਰਧਾਨ ਮੰਤਰੀ, ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ।

ਵਦਿੇਸ਼ ਮੰਤਰੀ ਬਲੰਿਕਨ ਨੇ ਰਾਸਟਰਪਤੀ ਬਾਇਡਨ ਅਤੇ ਉਪ ਰਾਸਟਰਪਤੀ ਹੈਰਸਿ ਦੀ ਤਰਫੋਂ ਪਰਧਾਨ ਮੰਤਰੀ ਦਾ ਅਭਵਿਾਦਨ ਕੀਤਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਪਹਲਿਾਂ ਦਨਿ ਵੱਿਚ ਈਏਐੱਮ ਅਤੇ ਐੱਨਐੱਸਏ ਨਾਲ ਹੋਈ ਸਕਾਰਾਤਮਕ ਗੱਲਬਾਤ ਬਾਰੇ ਦੱਸਆਿ, ਨਾਲ ਹੀ ਰੱਖਆਿ, ਸਮੁੰਦਰੀ ਸੁਰੱਖਆਿ, ਵਪਾਰ ਅਤੇ ਨਵਿੇਸ਼, ਜਲਵਾਯੂ ਪਰਵਿਰਤਨ ਅਤੇ ਵਗਿਆਿਨ ਤੇ ਟੈਕਨੋਲੋਜੀ ਸਹਤਿ ਵਭਿੰਿਨ ਖੇਤਰਾਂ ਵੱਿਚ ਭਾਰਤ ਅਤੇ ਅਮਰੀਕਾ ਦੇ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਪ੍ਰਤੀਬੱਧਤਾ ਪ੍ਰਗਟਾਈ।

ਪ੍ਰਧਾਨ ਮੰਤਰੀ ਨੇ ਰਾਸ਼ਟਰਪਤੀ ਬਾਇਡਨ ਅਤੇ ਉਪ ਰਾਸ਼ਟਰਪਤੀ ਹੈਰਸਿ ਨੂੰ ਆਪਣੀ ਤਰਫੋਂ ਸ਼ੁਭਕਾਮਨਾਵਾਂ ਦੱਿਤੀਆਂ। ਨਾਲ ਹੀ ਕੁਆਡ, ਕੋਵਡਿ-19 ਅਤੇ ਜਲਵਾਯੂ ਪਰਵਿਰਤਨ ਨਾਲ ਸਬੰਧਤਿ ਪਹਲਿਾਂ ਲਈ ਰਾਸ਼ਟਰਪਤੀ ਬਾਇਡਨ ਦੀ ਸ਼ਲਾਘਾ ਕੀਤੀ।

ਵਦਿੇਸ਼ ਮੰਤਰੀ ਬਲੰਿਕਨ ਨੇ ਭਾਰਤ ਅਤੇ ਅਮਰੀਕਾ ਦੇ ਦਰਮਆਿਨ ਵਆਿਪਕ ਦੁਵੱਲੇ ਅਤੇ ਬਹੁਪੱਖੀ ਮੁੱਦਆਿਂ 'ਤੇ ਤਾਲਮੇਲ ਵਧਣ ਅਤੇ ਇਸ ਤਾਲਮੇਲ ਦੇ ਠੋਸ ਅਤੇ ਵਵਿਹਾਰਕ ਸਹਯਿੋਗ ਵੱਿਚ ਤਬਦੀਲ ਕਰਨ ਲਈ ਦੋਹਾਂ ਰਣਨੀਤਕ ਸਹਯਿੋਗੀਆਂ ਦੀ ਪ੍ਰਤੀਬੱਧਤਾ ਦੀ ਸ਼ਲਾਘਾ ਕੀਤੀ।

ਪ੍ਰਧਾਨ ਮੰਤਰੀ ਮੋਦੀ ਨੇ ਕਹਿਾ ਕਿ ਅਮਰੀਕਾ ਅਤੇ ਭਾਰਤ ਦੇ ਸਮਾਜ ਲੋਕਤੰਤਰ, ਸੁਤੰਤਰਤਾ ਅਤੇ ਉਦਾਰਤਾ ਦੀਆਂ ਕਦਰਾਂ-ਕੀਮਤਾਂ ਦੇ ਪ੍ਰਤੀ ਗਹਰਿੀ ਪ੍ਰਤੀਬੱਧਤਾ ਸਾਂਝੀ ਕਰਦੇ ਹਨ ਅਤੇ ਅਮਰੀਕਾ ਵਚਿਲੇ ਭਾਰਤੀ ਪ੍ਰਵਾਸੀਆਂ ਨੇ ਦੁਵੱਲੇ ਸਬੰਧਾਂ ਨੂੰ ਵਧਾਉਣ ਵੱਿਚ ਵੱਡਾ ਯੋਗਦਾਨ ਪਾਇਆ ਹੈ।

ਪ੍ਰਧਾਨ ਮੰਤਰੀ ਨੇ ਕਹਿਾ ਕਿ ਕੋਵਡਿ-19 ਦੇ ਚਲਦੇ ਪੈਦਾ ਚੁਣੌਤੀਆਂ, ਗਲੋਬਲ ਆਰਥਕਿ ਸੁਧਾਰ ਅਤੇ ਜਲਵਾਯੂ ਪਰਵਿਰਤਨ ਦੇ ਸੰਦਰਭ ਵੱਿਚ ਆਉਣ ਵਾਲੇ ਸਾਲਾਂ ਵੱਿਚ ਭਾਰਤ-ਅਮਰੀਕਾ ਦੀ ਰਣਨੀਤਕ ਭਾਗੀਦਾਰੀ ਦਾ ਵਆਿਪਕ ਆਲਮੀ ਮਹੱਤਵ ਹੋਵੇਗਾ।

ਨਵੀਂ ਦਿੱਲੀ
28 ਜੁਲਾਈ, 2021

DISCLAIMER: This is an approximate translation. The original is available in English on MEA's website and may be referred to as the official press release.